18

ਡਿਸਏਬਿਲਟੀ ਅਲਾਇੰਸ ਬੀ ਸੀ

# ਹੈਲਪਸ਼ੀਟ

ਬੀ ਸੀ ਡਿਸਏਬਿਲਟੀ ਭੱਤੇ



2023

# ਜੇ ਤੁਹਾਨੂੰ ਹੈਲਥ ਕੇਅਰ ਵਿਚ ਵਿਤਕਰੇ ਦਾ ਤਜਰਬਾ ਹੁੰਦਾ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ?

ਇਸ ਹੈਲਪ ਸ਼ੀਟ ਲਈ ਫੰਡ ਲਾਅ ਫਾਉਂਡੇਸ਼ਨ ਔਫ ਬੀ ਸੀ ਤੋਂ ਮਿਲੇ ਹਨ

**ਜੇ ਤੁਸੀਂ ਇਹ ਯਕੀਨ ਕਰਦੇ ਹੋਵੋ ਕਿ ਤੁਹਾਡੇ ਨਾਲ ਵਿਤਕਰਾ ਹੋਇਆ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ? ਇਸ ਹੈਲਪ ਸ਼ੀਟ ਵਿਚ ਅਸੀਂ ਕੁਝ ਸੰਭਵ ਕਦਮਾਂ ਬਾਰੇ ਗੱਲ ਕਰਾਂਗੇ, ਪਰ ਇਹ ਜਾਣਨਾ ਮਹੱਤਵਪੂਰਨ ਹੈ ਕਿ ਕੁਝ ਕਦਮ ਛੇਤੀ ਹੱਲ ਬਾਰੇ ਦੱਸਦੇ ਹਨ ਜਿਸ ਦੀ ਤੁਹਾਨੂੰ ਰੋਗ ਦੀ ਫੌਰੀ ਪਛਾਣ ਕਰਨ ਜਾਂ ਇਲਾਜ ਲਈ ਲੋੜ ਹੋ ਸਕਦੀ ਹੈ।**

## ਆਪਣੇ ਪ੍ਰੈਕਟੀਸ਼ਨਰ ਨਾਲ ਗੱਲ ਕਰੋ

ਪਹਿਲੀ ਚੋਣ ਆਪਣੇ ਸਰੋਕਾਰਾਂ ਬਾਰੇ ਪ੍ਰੈਕਟੀਸ਼ਨਰ (ਜਿਵੇਂ ਤੁਹਾਡਾ ਡਾਕਟਰ ਜਾਂ ਕੋਈ ਵੀ ਹੋਰ ਜੋ ਹੈਲਥਕੇਅਰ ਪ੍ਰਦਾਨ ਕਰਦਾ ਹੈ) ਨਾਲ ਗੱਲ ਕਰਨਾ ਹੈ। ਇਹ ਚੋਣ ਔਖੀ ਹੈ, ਪਰ ਕੋਈ ਹੱਲ ਲੱਭਣ ਦਾ ਇਹ ਸਭ ਤੋਂ ਬਿਹਤਰ ਤਰੀਕਾ ਹੋ ਸਕਦੀ ਹੈ।

ਕਦੇ ਕਦੇ ਵਿਤਕਰਾ ਇਸ ਕਰਕੇ ਹੁੰਦਾ ਹੈ ਕਿਉਂਕਿ ਪ੍ਰੈਕਟੀਸ਼ਨਰ ਨੇ ਤੁਹਾਡੀ ਹਾਲਤ ਬਾਰੇ ਆਪਣਾ ਮਨ ਬਣਾ ਲਿਆ ਹੁੰਦਾ ਹੈ, ਭਾਵੇਂ ਕਿ ਤੁਹਾਡੀ ਹਾਲਤ ਨਾਲ ਉਸ ਦਾ ਬਹੁਤ ਘੱਟ ਤਜਰਬਾ ਹੋ ਸਕਦਾ ਹੈ।

ਫੈਮਿਲੀ ਡਾਕਟਰਾਂ ਅਤੇ ਹੋਰ ਪ੍ਰੈਕਟੀਸ਼ਨਰਾਂ ਦੀ ਸਾਡੀ ਮੌਜੂਦਾ ਕਮੀ ਇਕ ਹੋਰ ਕਾਰਨ ਹੋ ਸਕਦਾ ਹੈ ਜਿਸ ਕਰਕੇ ਤੁਸੀਂ "ਬੇੜੀ ਵਿਚ ਵੱਟੇ ਪਾਉਣ" ਤੋਂ ਝਿਜਕਦੇ ਹੋ ਸਕਦੇ ਹੋ ਜਿਸ ਦੀ ਸਮਝ ਆਉਂਦੀ ਹੈ। ਕੋਈ ਨਵਾਂ ਡਾਕਟਰ ਲੱਭਣਾ ਅਤੇ ਉਸ ਨੂੰ ਆਪਣੀ ਡਿਸਏਬਿਲਟੀ ਬਾਰੇ ਫਿਰ ਤੋਂ ਸਿਖਿਅਤ ਕਰਨਾ ਸ਼ੁਰੂ ਕਰਨਾ ਇਕ ਔਖਾ ਕੰਮ ਹੋ ਸਕਦਾ ਹੈ।

ਫਿਰ ਵੀ, ਭਾਵੇਂ ਬੋਲਣਾ ਵੀ ਮਸਲੇ ਦਾ ਹੱਲ ਨਾ ਕਰੇ, ਇਹ ਘੱਟ ਔਖਾ ਹੈ ਅਤੇ, ਕੁਝ ਕੇਸਾਂ ਵਿਚ, ਹੋਰ ਚੋਣਾਂ ਨਾਲੋਂ ਘੱਟ ਮਹਿੰਗਾ ਹੈ। ਜੇ ਤੁਸੀਂ ਇਹ ਮਹਿਸੂਸ ਨਹੀਂ ਕਰਦੇ ਕਿ ਪ੍ਰੈਕਟੀਸ਼ਨਰ ਦੇ ਵਤੀਰੇ ਨੇ ਗੰਭੀਰ ਅਤੇ ਫੌਰੀ ਖਤਰਾ ਪੈਦਾ ਕੀਤਾ ਹੈ ਤਾਂ ਇਸ ਚੋਣ ਦੀ ਵਰਤੋਂ ਹੋਰਨਾਂ ਚੋਣਾਂ ਤੋਂ ਪਹਿਲਾਂ ਕਰਕੇ ਦੇਖਣੀ ਚਾਹੀਦੀ ਹੈ।

## ਹੈਲਥ ਅਥਾਰਟੀ ਕੋਲ ਸ਼ਿਕਾਇਤ ਕਰੋ

ਜੇ ਤੁਹਾਡੇ ਨਾਲ ਵਿਤਕਰਾ ਕਿਸੇ ਹੈਲਥ ਅਥਾਰਟੀ (ਜਿਵੇਂ ਸੂਬਾਈ ਸਰਕਾਰ ਦੀਆਂ ਏਜੰਸੀਆਂ ਜਿਹੜੀਆਂ ਹੈਲਥਕੇਅਰ ਦੀਆਂ ਸੇਵਾਵਾਂ ਦਿੰਦੀਆਂ ਹਨ, ਜਿਸ ਵਿਚ ਵੈਨਕੂਵਰ ਕੋਸਟਲ ਹੈਲਥ, ਫਰੇਜ਼ਰ ਹੈਲਥ, ਵੈਨਕੂਵਰ ਆਈਲੈਂਡ ਹੈਲਥ, ਨੌਰਦਰਨ ਹੈਲਥ ਅਤੇ ਇਨਟੀਰੀਅਰ ਹੈਲਥ ਸ਼ਾਮਲ ਹਨ) ਦੇ ਪ੍ਰਬੰਧ ਹੇਠਲੇ ਕਿਸੇ ਸਥਾਨ ਦੇ ਸਟਾਫ ਵਲੋਂ ਕੀਤਾ ਗਿਆ ਹੈ ਤਾਂ ਤੁਸੀਂ ਅਥਾਰਟੀ ਦੇ ਪੇਸ਼ੈਂਟ ਕੇਅਰ ਕੁਆਲਟੀ ਆਫਿਸ (ਪੀ ਸੀ ਕਿਊ ਓ) ਕੋਲ ਸ਼ਿਕਾਇਤ ਕਰ ਸਕਦੇ ਹੋ।

ਪੀ ਸੀ ਕਿਊ ਓ ਪੜਤਾਲ ਕਰ ਸਕਦਾ ਹੈ ਅਤੇ ਇਹ ਸਿਫਾਰਸ਼ਾਂ ਕਰ ਸਕਦਾ ਹੈ ਕਿ ਕਿਵੇਂ ਤੁਸੀਂ ਅਤੇ ਹੈਲਥ ਕੇਅਰ ਪ੍ਰੋਵਾਈਡਰ ਵਿਵਾਦ ਦਾ ਹੱਲ ਕਰ ਸਕਦੇ ਹੋ। ਕੁਝ ਕਲਾਇੰਟਸ ਨੇ ਇਹ ਦੱਸਿਆ ਹੈ ਕਿ ਉਨ੍ਹਾਂ ਨੂੰ ਬਿਨਾਂ ਕਿਸੇ ਅਪਡੇਟਸ ਦੇ ਲੰਮਾ ਸਮਾਂ ਉਡੀਕ ਕਰਨੀ ਪਈ ਹੈ ਅਤੇ ਮਸਲਾ ਹੱਲ ਨਹੀਂ ਹੋਇਆ ਹੈ।

dabc disability alliance bc

**ਡਿਸਏਬਿਲਟੀ ਅਲਾਇੰਸ ਬੀ ਸੀ**
ਇਸ ਹੈਲਪ ਸ਼ੀਟ ਵਿਚਲੀ ਜਾਣਕਾਰੀ ਉਸ ਕਾਨੂੰਨ 'ਤੇ ਆਧਾਰਿਤ ਹੈ ਜਿਹੜਾ ਇਸ ਲਿਖਤ ਨੂੰ ਲਿਖਣ ਵੇਲੇ ਸੀ। ਕਾਨੂੰਨ ਅਤੇ ਪੌਲਸੀ ਬਦਲ ਸਕਦੇ ਹਨ। ਕਿਰਪਾ ਕਰਕੇ ਇਸ ਹੈਲਪ ਸ਼ੀਟ 'ਤੇ ਤਾਰੀਕ ਚੈੱਕ ਕਰੋ।

## ਨਿਯਮ ਲਾਗੂ ਕਰਨ ਵਾਲੀ ਸੰਸਥਾ ਕੋਲ ਸ਼ਿਕਾਇਤ ਕਰੋ

ਤੁਸੀਂ ਆਪਣੇ ਸਰੋਕਾਰਾਂ ਦੀ ਰਿਪੋਰਟ ਉਸ ਕਾਲਜ ਕੋਲ ਕਰ ਸਕਦੇ ਹੋ ਜਿਹੜੀ ਉਸ ਪ੍ਰੈਕਟੀਸ਼ਨਰ ਨੂੰ ਨਿਯਮਬੱਧ ਕਰਦੀ ਹੈ। ਇਸ ਦਾ ਨਤੀਜਾ ਪੜਤਾਲ ਕਰਨ ਵਿਚ ਨਿਕਲ ਸਕਦਾ ਹੈ, ਪਰ ਇਹ ਇਕ ਲੰਮਾ ਅਮਲ ਹੈ ਜਿਹੜਾ ਪ੍ਰੈਕਟੀਸ਼ਨਰ ਨਾਲ ਤੁਹਾਡੇ ਸੰਬੰਧ ਨੂੰ ਖਤਮ ਕਰ ਸਕਦਾ ਹੈ ਜਾਂ ਨੁਕਸਾਨ ਪਹੁੰਚਾ ਸਕਦਾ ਹੈ।

## ਮਨੁੱਖੀ ਹੱਕਾਂ ਦੀ ਸ਼ਿਕਾਇਤ ਦਰਜ ਕਰਵਾਉ

ਤੁਹਾਡੇ ਕੋਲ ਮਨੁੱਖੀ ਹੱਕਾਂ (ਹਿਊਮਨ ਰਾਈਟਸ) ਦੀ ਸ਼ਿਕਾਇਤ ਦਰਜ ਕਰਵਾਉਣ ਦੀ ਚੋਣ ਹੈ, ਪਰ ਇਹ ਸਾਰਿਆਂ ਤੋਂ ਲੰਮਾ ਅਮਲ ਹੈ। ਡੀ ਏ ਬੀ ਸੀ ਦੇ ਡਿਸਏਬਿਲਟੀ ਲਾਅ ਕਲੀਨਿਕ (ਡੀ ਐੱਲ ਸੀ) ਦੇ ਕਲਾਇੰਟਾਂ ਨੇ ਇਹ ਪਤਾ ਲੱਗਣ ਲਈ ਹੀ ਲੰਮੇ ਉਡੀਕ ਸਮਿਆਂ ਦੀ ਰਿਪੋਰਟ ਦਿੱਤੀ ਹੈ ਕਿ ਕੀ ਉਨ੍ਹਾਂ ਦੀ ਸ਼ਿਕਾਇਤ ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ ਵਲੋਂ ਪ੍ਰਵਾਨ ਕਰ ਲਈ ਗਈ ਹੈ। ਹੱਲ ਹੋਣ ਨੂੰ ਦੋ ਨਾਲੋਂ ਜ਼ਿਆਦਾ ਸਾਲ ਲੱਗਣਾ ਆਮ ਗੱਲ ਹੈ।

ਉਨ੍ਹਾਂ ਹੋਰ ਚੋਣਾਂ ਵਾਂਗ ਜਿਨ੍ਹਾਂ ਦਾ ਜ਼ਿਕਰ ਅਸੀਂ ਕੀਤਾ ਹੈ, ਮਨੁੱਖੀ ਹੱਕਾਂ ਦੀ ਸ਼ਿਕਾਇਤ ਨਾਲ ਆਪਣੇ ਪ੍ਰੈਕਟੀਸ਼ਨਰ ਨਾਲ ਤੁਹਾਡੇ ਸੰਬੰਧ ਦੇ ਵਿਗੜਨ ਜਾਂ ਖਤਮ ਹੋਣ ਦੀ ਸੰਭਾਵਨਾ ਹੈ। ਸ਼ਿਕਾਇਤ ਦੇ ਹੱਲ ਹੋਣ ਨੂੰ ਲੱਗਣ ਵਾਲਾ ਸਮਾਂ ਇੰਨਾ ਲੰਮਾ ਹੈ ਕਿ ਅਸਲੀ ਮਾਅਨਿਆਂ ਵਿਚ, ਇਸ ਦਾ ਨਤੀਜਾ ਤੁਹਾਡੇ ਇਲਾਜ ਵਿਚ ਸੁਧਾਰ ਹੋਣ ਵਿਚ ਨਹੀਂ ਨਿਕਲਦਾ। ਇਹ ਇਕ ਰਸਮੀ, ਵਿਰੋਧੀ ਅਮਲ ਵੀ ਹੈ ਜਿਹੜਾ ਬਹੁਤ ਜ਼ਿਆਦਾ ਤਣਾਅਪੂਰਨ ਹੋ ਸਕਦਾ ਹੈ।

ਮਨੁੱਖੀ ਹੱਕਾਂ ਦੀ ਸ਼ਿਕਾਇਤ ਜ਼ਿਆਦਾ ਵਿਹਾਰਕ ਚੋਣ ਹੋ ਸਕਦੀ ਹੈ ਜੇ ਤੁਹਾਨੂੰ ਉਸ ਪ੍ਰੈਕਟੀਸ਼ਨਰ ਤੋਂ ਇਲਾਜ ਜਾਂ ਸਰਵਿਸ ਦੀ ਹੁਣ ਲੋੜ ਨਹੀਂ ਹੈ। ਹੋਰਨਾਂ ਨਾਲ ਗੱਲ ਕਰਨਾ ਜਿਨ੍ਹਾਂ ਨੇ ਉਸੇ ਦਫਤਰ ਜਾਂ ਪ੍ਰੈਕਟੀਸ਼ਨਰ ਤੋਂ ਹੈਲਥ ਕੇਅਰ ਲਈ ਹੈ, ਗਰੁੱਪ ਵਲੋਂ ਸ਼ਿਕਾਇਤ ਕਰਨ ਵਿਚ ਮਦਦ ਕਰ ਸਕਦਾ ਹੈ। ਇਸ ਦਾ ਜ਼ਿਆਦਾ ਅਸਰ ਹੋ ਸਕਦਾ ਹੈ ਅਤੇ ਇਸ ਦੇ ਨਾਲ ਨਾਲ ਕਿਸੇ ਸ਼ਿਕਾਇਤ ਨਾਲ ਜੁੜੀ ਬਦਨਾਮੀ ਵੀ ਘੱਟ ਹੋ ਸਕਦੀ ਹੈ।

## ਸਵੈ-ਹਿਮਾਇਤੀ ਬਣੋ

ਮੌਜੂਦਾ ਮਾਹੌਲ ਵਿਚ, ਮਰੀਜ਼ਾਂ, ਅਤੇ ਜਿਨ੍ਹਾਂ 'ਤੇ ਉਹ ਭਰੋਸਾ ਕਰਦੇ ਹਨ ਨੂੰ - ਵਿਤਕਰੇ ਤੋਂ ਰੋਕਥਾਮ ਕਰਨ ਲਈ ਨਾ ਕਿ ਵਿਤਕਰਾ ਹੋਣ ਤੋਂ ਬਾਅਦ ਰੀਐਕਟ ਕਰਨ ਦੀ ਹਾਲਤ ਵਿਚ ਹੋਣ ਲਈ - ਲੋੜੀਂਦੇ ਇਲਾਜ ਅਤੇ ਸੇਵਾਵਾਂ ਲਈ ਆਪਣੀ ਹਿਮਾਇਤ ਵਿਚ ਸਰਗਰਮ ਅਤੇ ਜੁਗਤੀ ਹੋਣ ਦੀ ਲੋੜ ਹੈ।

ਇਸ ਦਾ ਮਤਲਬ ਹੈ ਕਿ ਆਪਣੇ ਪ੍ਰੈਕਟੀਸ਼ਨਰ ਦੇ ਦ੍ਰਿਸ਼ਟੀਕੋਣ ਨੂੰ ਚੁਣੌਤੀ ਕਦੋਂ ਅਤੇ ਕਿਵੇਂ ਦੇਣੀ ਹੈ ਬਾਰੇ ਚੋਣ ਕਰਨਾ। ਇਸ ਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਨਵੇਂ ਪ੍ਰੈਕਟੀਸ਼ਨਰ ਨੂੰ ਜਾਂ ਉਸ ਪ੍ਰੈਕਟੀਸ਼ਨਰ ਨੂੰ ਦੇਣ ਲਈ ਸਦਾ ਕੋਲ ਮੈਡੀਕਲ ਰਿਕਾਰਡ ਹੋਣਾ ਜਿਸ ਨੂੰ ਭੱਤੇ ਲਈ ਫਾਰਮ ਭਰਨ ਲਈ ਕਿਹਾ ਜਾ ਰਿਹਾ ਹੈ।

ਉਸ ਡਾਕਟਰ ਨਾਲ ਗੱਲ ਕਰਨ ਵੇਲੇ ਜਿਸ ਕੋਲ ਬਹੁਤ ਘੱਟ ਸਮਾਂ ਹੈ ਜਾਂ ਜਿਹੜਾ ਪੱਖਪਾਤੀ ਹੋ ਸਕਦਾ ਹੈ, ਸ਼ਾਂਤ ਰਹਿਣਾ ਜਾਂ ਇਹ ਯਾਦ ਰੱਖਣਾ ਔਖਾ ਹੋ ਸਕਦਾ ਹੈ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ, ਅਪੌਇੰਟਮੈਂਟਾਂ 'ਤੇ ਆਪਣੇ ਨਾਲ ਕਿਸੇ ਭਰੋਸੇਯੋਗ ਵਿਅਕਤੀ ਨੂੰ ਲਿਆਉਣਾ ਮਦਦ ਕਰਨ ਵਾਲਾ ਹੋ ਸਕਦਾ ਹੈ।

ਕਦੇ ਕਦੇ, ਅਸਰਦਾਰ ਸਵੈ-ਹਿਮਾਇਤ ਕਿਸੇ ਖਾਸ ਸਰੋਕਾਰ ਦਾ ਹੱਲ ਕਰ ਸਕਦੀ ਹੈ ਅਤੇ ਇਸ ਦੇ ਨਾਲ ਨਾਲ ਪ੍ਰੈਕਟੀਸ਼ਨਰ ਨੂੰ ਸਿਖਿਅਤ ਕਰ ਸਕਦੀ ਹੈ - ਸਾਰਿਆਂ ਲਈ ਜੇਤੂ ਹਾਲਤ ਹੈ। ਦੂਜੇ ਕੇਸਾਂ ਵਿਚ, ਸਵੈ-ਹਿਮਾਇਤ ਦਾ ਮਤਲਬ ਇਹ ਹੋ ਸਕਦਾ ਹੈ ਕਿ ਚੀਜ਼ਾਂ ਦੇ ਕੰਟਰੋਲ ਤੋਂ ਬਾਹਰਾ ਜਾਂ ਅਸੁਰੱਖਿਅਤ ਹੋਣ ਤੋਂ ਪਹਿਲਾਂ ਕੋਈ ਨਵਾਂ ਪ੍ਰੈਕਟੀਸ਼ਨਰ ਲੱਭਣ ਲਈ ਉਨ੍ਹਾਂ ਲੋਕਾਂ ਤੱਕ ਪਹੁੰਚ ਕਰਨਾ ਜਿਨ੍ਹਾਂ 'ਤੇ ਤੁਸੀਂ ਭਰੋਸਾ ਕਰਦੇ ਹੋ।

ਕਈ ਸੰਸਥਾਵਾਂ ਹਨ ਜਿਹੜੀਆਂ ਸਵੈ-ਹਿਮਾਇਤੀਆਂ ਦੀ ਮਦਦ ਕਰਦੀਆਂ ਹਨ ਅਤੇ ਉਹ ਤੁਹਾਡੇ ਹੈਲਥ ਕੇਅਰ ਪ੍ਰੋਵਾਈਡਰ ਨਾਲ ਕਿਸੇ ਔਖੀ ਹਾਲਤ ਦਾ ਹੱਲ ਕਰਨ ਵਿਚ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੀਆਂ ਹਨ। ਫੈਮਿਲੀ ਸੁਪੋਰਟ ਇੰਸਟੀਚਿਊਟ, ਬੀ ਸੀ ਅਬਰਿਜਨਲ ਨੈੱਟਵਰਕ ਔਨ ਡਿਸਏਬਿਲਟੀ ਸੁਸਾਇਟੀ ਅਤੇ ਹਾਲਤ ਮੁਤਾਬਕ ਸੰਸਥਾਵਾਂ, ਜਿਵੇਂ ਔਟਿਜ਼ਮ ਬੀ ਸੀ, ਉਨ੍ਹਾਂ ਸੰਸਥਾਵਾਂ ਦੀਆਂ ਕੁਝ ਉਦਾਹਰਣਾਂ ਹਨ ਜਿਹੜੀਆਂ ਮਦਦ ਕਰ ਸਕਦੀਆਂ ਹਨ।

## ਆਪਣੇ ਐੱਮ ਐੱਲ ਏ ਨੂੰ ਲਿਖੋ

ਜ਼ਿਆਦਾ ਸਿਸਟਮਬੱਧ ਸਰੋਕਾਰਾਂ ਲਈ, ਮਸਲਾ ਧਿਆਨ ਵਿਚ ਲਿਆਉਣ ਲਈ ਆਪਣੇ ਐੱਮ ਐੱਲ ਏ ਦੇ ਦਫਤਰ ਨੂੰ ਲਿਖਣ ਬਾਰੇ ਵਿਚਾਰ ਕਰੋ। ਇਹ ਸਰਕਾਰ ਵਲੋਂ ਚਲਾਏ ਜਾਂਦੇ ਕਿਸੇ ਮੈਡੀਕਲ ਸਥਾਨ ਵਿਚ ਕਿਸੇ ਖਾਸ ਪ੍ਰੈਕਟਿਸ ਨਾਲ ਜਾਂ ਖਾਸ ਸੇਵਾਵਾਂ ਲਈ ਫੰਡਾਂ ਦੀ ਲੋੜ ਨਾਲ ਸੰਬੰਧਿਤ ਹੋ ਸਕਦਾ ਹੈ।

---

ਕਿਰਪਾ ਕਰਕੇ ਨੋਟ ਕਰੋ: ਇਸ ਲਿਖਤ ਵਿਚ ਦੱਸੀ ਜਾਂ ਦਰਸਾਈ ਗਈ ਕੋਈ ਵੀ ਚੀਜ਼ ਕਾਨੂੰਨੀ ਸਲਾਹ ਵਜੋਂ ਨਹੀਂ ਲੈਣੀ ਚਾਹੀਦੀ। ਕਾਨੂੰਨੀ ਕਾਰਵਾਈ ਕਰਨ ਬਾਰੇ ਸੋਚ ਰਹੇ ਕਿਸੇ ਵੀ ਵਿਅਕਤੀ ਨੂੰ ਆਪਣੀ ਖਾਸ ਹਾਲਤ ਬਾਰੇ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

ਇਹ ਲਿਖਤ ਸਾਲੀਨਾ ਡ੍ਰੂਅਰ ਵਲੋਂ ਲਿਖੀ ਗਈ ਸੀ ਅਤੇ ਇਹ ਸਭ ਤੋਂ ਪਹਿਲਾਂ ਡੀ ਏ ਬੀ ਸੀ ਦੇ ਟ੍ਰਾਂਜ਼ੀਸ਼ਨ ਮੈਗਜ਼ੀਨ ਵਿਚ Dying for Health Care: Navigating An Ableist System (ਫਾਲ/ਵਿੰਟਰ 2022) ਦੇ ਨਾਂ ਹੇਠ ਛਪੀ ਸੀ। ਇਹ ਅੰਕ ਇੱਥੇ ਪੜ੍ਹੋ: https://disabilityalliancebc.org/transitionfallwinter22/.

ਸਾਲੀਨਾ ਐੱਮ ਡ੍ਰੂਅਰ, ਬੀ.ਏ. ਐੱਲ ਐੱਲ ਬੀ ਲਾਅ ਕਲੀਨਿਕ ਦੀ ਇਕ ਅਸਿਸਟੈਂਟ ਹੈ ਅਤੇ ਉਹ ਡੀ ਏ ਬੀ ਸੀ ਦੇ ਡਿਸਏਬਿਲਟੀ ਲਾਅ ਕਲੀਨਿਕ ਅਤੇ ਪਰਸਨ ਲਿਵਿੰਗ ਵਿਦ ਏ ਡਿਸਏਬਿਲਟੀ ਨਾਲ ਐਡਵੋਕੇਟ ਹੈ।

---

**ਇਹ ਹੈਲਪ ਸ਼ੀਟ ਡਿਸਏਬਿਲਟੀ ਅਲਾਇੰਸ ਬੀ ਸੀ ਦੇ ਇਕ ਪ੍ਰੋਗਰਾਮ ਡਿਸਏਬਿਲਟੀ ਲਾਅ ਕਲੀਨਿਕ ਵਲੋਂ ਤਿਆਰ ਕੀਤੀ ਗਈ ਸੀ। ਇਸ ਹੈਲਪ ਸ਼ੀਟ ਲਈ ਫੰਡ ਦੇਣ ਵਾਸਤੇ ਲਾਅ ਫਾਉਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ਦਾ ਧੰਨਵਾਦ।**

1450-605 Robson St., Vancouver, BC V6B 5J3 • ਟੈਲੀਫੋਨ: 236-427-1108 • ਫੈਕਸ 604-875-9227
ਟੋਲ ਫਰੀ 1-800-663-1278 • https://disabilityalliancebc.org

ਹੈਲਪ ਸ਼ੀਟਾਂ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ:
https://disabilityalliancebc.org/publications.